# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਮਾਨਸਾ

ਸੇਵਾ ਵਿਖੇ

ਸਬੰਧਤ ਸਕੂਲ ਮੁੱਖੀ
ਜਿਲ੍ਹਾ ਮਾਨਸਾ।

ਪੱਤਰ ਨੰ: ਜੀ 1/1() 2018-19/ 2401
ਮਿਤੀ ਮਾਨਸਾ : 12/04/2019

ਵਿਸ਼ਾ : ਵਿਸਵ ਤਬਾਕੂ ਦਿਵਸ ਤੇ ਪੇਟਿੰਗ ਮੁਕਾਬਲੇ ਕਰਵਾਉਣ ਸਬੰਧੀ।

ਉਪਰੋਕਤ ਵਿਸੇ ਸਬੰਧੀ ਲਿਖਿਆ ਜਾਦਾ ਹੈ ਕਿ ਮਾਨਯੋਗ ਡਿਪਟੀ ਕਮਿਸਨਰ ਮਾਨਸਾ ਜੀ ਅਤੇ ਸਿਹਤ ਵਿਭਾਗ ਦੀਆ ਹਦਾਇਤਾ ਅਨੁਸਾਰ 31 ਮਈ ਨੂੰ ਵਿਸਵ ਤਬਾਕੂ ਦਿਵਸ ਹੈ ।ਇਸ ਸਬੰਧੀ ਮਿਤੀ 15/05/2018 ਨੂੰ ਹੇਠ ਲਿਖੇ ਸਕੂਲਾਂ ਵਿੱਚ ਪੇਟਿਗ ਮੁਕਾਬਲੇ ਆਪ ਵਲੋ ਕਰਵਾਏ ਜਾਣ। ਇਸ ਲਈ ਤਬਾਕੂ ਸਬੰਧੀ ਨਾਲ ਨੱਥੀ ਪੱਤਰ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

1) ਸਸਸ ਮਾਨਸਾ (ਮ)
2) ਸਸਸ ਭੀਖੀ (ਕ)
3) ਸਸਸ ਰੱਲਾ (ਕ)
4) ਸਸਸ ਝੁਨੀਰ
5) ਸਸਸ ਸਰਦੂਲਗੜ (ਮ)
6) ਸਸਸ ਬੁਢਲਾਡਾ (ਮ)
7) ਸਸਸ ਬਰੇਟਾ (ਮ)
8) ਸਸਸ ਬੋਹਾ (ਮ)
9) ਸਸਸ ਫਫੜੇ ਭਾਈਕੇ (ਮ)
10) ਸਸਸ ਮੂਸਾ

ਉਪਰੋਕਤ ਸਕੂਲ ਆਪਣੇ ਨੇੜੇ ਦੇ ਸਕੂਲਾਂ ਨੂੰ ਬੁਲਾ ਕੇ ਪੇਟਿੰਗ ਮੁਕਾਬਲੇ ਵਿੱਚ ਭਾਗ ਲੈਣਾ ਯਕੀਨੀ ਬਣਾਉਣ।

2/12 **ਜਿਲ੍ਹਾ ਸਿੱਖਿਆ ਅਫਸਰ (ਸੈਸਿ)**
**ਮਾਨਸਾ**

ਪਿੱਠ ਅੰਕਣ ਨੰ: ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਸਿਵਲ ਸਰਜਨ , ਮਾਨਸਾ ਨੂੰ ਸੂਚਨਾਂ ਹਿੱਤ ਭੇਜਿਆ ਜ਼ਾਂਦਾ ਹੈ।

2/12 **ਜਿਲ੍ਹਾ ਸਿੱਖਿਆ ਅਫਸਰ (ਸੈਸਿ)**
**ਮਾਨਸਾ**

## ਮੀਟਿੰਗ ਏਜੰਡਾ

ਜਿਲ੍ਹਾ ਮਾਨਸਾ 31 ਮਈ 2012 ਨੂੰ ਤੰਬਾਕੂ ਸਮੋਕ ਫਰੀ ਘੋਸ਼ਿਤ ਕੀਤਾ ਗਿਆ ਸੀ, ਇਸ ਸਬੰਧ ਵਿੱਚ ਸਾਰੇ ਸਰਕਾਰੀ ਵਿਭਾਗਾਂ ਦੇ ਤੰਬਾਕੂ ਸਬੰਧੀ ਨੋਡਲ ਅਫ਼ਸਰ ਨਿਯੁਕਤ ਕੀਤੇ ਜਾ ਚੁੱਕੇ ਹਨ। ਇਸ ਐਕਟ ਅਧੀਨ ਉਲੰਘਣਾ ਕਰਨ ਵਾਲਿਆਂ ਦੀ ਵੱਖ-ਵੱਖ ਧਰਾਵਾਂ ਅਧੀਨ ਚਲਾਨ ਕੱਟੇ ਜਾ ਰਹੇ ਹਨ। ਇਸ ਸਾਲ 1 ਅਪ੍ਰੈਲ 2017 ਤੋਂ 31 ਮਾਰਚ 2018 ਤੱਕ ਕੁੱਲ 661 ਉਲੰਘਣਾਕਰਤਾਵਾਂ ਦੇ ਚਲਾਨ ਕੱਟ ਕੇ 30010/- ਰੁਪਏ ਜੁਰਮਾਨਾ ਰਾਸ਼ੀ ਸਟੇਟ ਤੰਬਾਕੂ ਕੰਟਰੋਲ ਸੈੱਲ ਦੇ ਅਕਾਊਂਟ ਵਿੱਚ ਸਿਹਤ ਵਿਭਾਗ ਮਾਨਸਾ ਵੱਲੋਂ ਜਮ੍ਹਾਂ ਕਰਵਾਈ ਜਾ ਚੁੱਕੀ ਹੈ। ਅੱਜ ਦੀ ਮੀਟਿੰਗ ਸਟੇਟ ਤੰਬਾਕੂ ਕੰਟਰੋਲ ਵੱਲੋਂ 31 ਮਈ 2018 ਵਿਸ਼ਵ ਨੋ ਤੰਬਾਕੂ ਦਿਵਸ ਦੇ ਸਬੰਧ ਵਿੱਚ ਪ੍ਰਾਪਤ ਪੱਤਰ ਦੇ ਪਹਿਲੇ ਫੇਜ ਅਧੀਨ ਬੁਲਾਈ ਗਈ ਹੈ।

<u>ਫੇਜ-2</u> :- ਮਿਤੀ 01 ਤੋਂ 15 ਅਪ੍ਰੈਲ ਤੱਕ ਚਲਾਇਆ ਗਿਆ ਹੈ, ਜਿਸ ਅਧੀਨ ਸਾਰੇ ਸਲੱਮ ਏਰੀਏ ਵਿੱਚ ਰਹਿਣ ਵਾਲਿਆ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਮੁਹਿਮ ਚਲਾਈ ਜਾ ਚੁੱਕੀ ਹੈ, ਜਿਸ ਵਿੱਚ ਵੱਖ-ਵੱਖ ਆਈ.ਈ.ਸੀ. ਗਤੀਵਿਧੀਆਂ ਰਾਹੀ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾ ਸਬੰਧੀ ਜਾਗਰੂਕ ਕੀਤਾ ਜਾ ਰਿਹਾ।ਸਲੱਮ ਏਰਿਆਂ ਵਿੱਚ ਇੰਨਫੋਰਸਮੈਂਟ ਡਰਾਈਵਜ ਕਰਕੇ ਉਲੰਘਣਾਕਰਤਾਵਾਂ ਦੇ ਚਲਾਨ ਵੀ ਕੱਟੇ ਜਾ ਰਹੇ ਹਨ। ਜੋ ਲੋਕ ਤੰਬਾਕੂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਨਸ਼ਾ ਛੁਡਾਉ ਕੇਦਰਾਂ ਅਤੇ ਤੰਬਾਕੂ ਸੀ. ਸੈਕਸ਼ਨ ਸੈਟਰਾਂ ਵਿੱਚ ਰੈਫਰ ਕੀਤਾ ਜਾਵੇਗਾ। ਇਸ ਸਬੰਧ ਵਿੱਚ ਆਪ ਸਭ ਦੇ ਸਹਿਯੋਗ ਦੀ ਜ਼ਰੂਰਤ ਹੈ। ਸਾਰੇ ਹਾਜ਼ਰੀਨ ਵੱਲੋਂ ਤੰਬਾਕੂ ਸਬੰਧੀ ਆਪਣੇ ਆਪਣੇ ਕੰਮਾਂ ਸਬੰਧੀ ਇਸ ਫੇਜ਼ ਦੋਰਾਨ ਵੱਧ ਤੋਂ ਵੱਧ ਐਕਟੀਵੀਟਜ ਕਰਕੇ ਰਿਪੋਰਟ ਕੀਤੀ ਜਾਵੇਗੀ।

<u>ਫੇਜ-3</u> :-ਮਿਤੀ 16 ਤੋਂ 30 ਅਪ੍ਰੈਲ ਤੱਕ ਮਨਾਇਆ ਜਾਵੇਗਾ। ਇਸ ਦੌਰਾਨ ਤੰਬਾਕੂ ਫਰੀ ਪਿੰਡਾਂ ਬਾਰੇ ਲੜੀਦੀਆਂ ਕਾਰਵਾਈਆਂ ਕੀਤੀਆ ਜਾਣਗੀਆ। ਹੁਣ ਤੱਕ ਮਾਨਸਾ ਜਿਲ੍ਹੇ ਦੇ 12 ਪਿੰਡ ਤੰਬਾਕੂ ਫਰੀ ਘੋਸ਼ਿਤ ਕੀਤੇ ਜਾ ਚੁੱਕੇ ਹਨ ਅਤੇ ਲਗਭਗ 52 ਪਿੰਡਾਂ ਨੂੰ ਤੰਬਾਕੂ ਮੁਕਤ ਕਰਨ ਸਬੰਧੀ ਮਤੇ ਸਿਹਤ ਵਿਭਾਗ ਕੋਲ ਪਹੰਚ ਚੁੱਕੇ ਹਨ। ਹੋਰ ਪੰਚਾਇਤਾਂ ਨੂੰ ਵੀ ਇਸ ਮੁਹਿਮ ਵਿੱਚ ਸਾਮਿਲ ਕਰਨ ਲਈ ਸਾਰਿਆ ਵੱਲੋਂ ਸਹਿਯੋਗ ਦੇਣ ਲਈ ਆਖਿਆ ਜਾਂਦਾ ਹੈ।

<u>ਫੇਜ-4</u> :-ਮਿਤੀ 1 ਮਈ ਤੋਂ 15 ਮਈ ਤੱਕ ਚੱਲੇਗਾ, ਜਿਸ ਵਿੱਚ ਤੰਬਾਕੂ ਫਰੀ ਸਕੂਲਾਂ ਦੇ ਬਾਰੇ ਵਿੱਚ ਲੋੜੀਦੀ ਕਾਰਵਾਈ ਕੀਤੀ ਜਾਣੀ ਹੈ। ਹਰੇਕ ਹਾਇਰ ਅਤੇ ਸੈਕੰਡਰੀ ਸਕੂਲਾਂ ਵਿੱਚ ਪੈਟਿੰਗ, ਰੇਸਿੰਗ, ਰਾਈਟਿੰਗ, ਮੁਕਾਬਲੇ ਕਰਵਾਕੇ ਤੰਬਾਕੂ ਦੇ ਮਾੜੇ ਪ੍ਰਭਾਵਾ ਬਾਰੇ ਸਕੂਲ, ਕਾਲਜ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਣਾ ਹੈ। ਇਸ ਸਬੰਧ ਵਿੱਚ ਜਿਲ੍ਹਾ ਸਿੱਖਿਆ ਅਫ਼ਸਰ ਸਾਹਿਬਾਨ, ਸਕੂਲਾਂ/ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਵੱਲੋਂ ਇਹ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਸਕੂਲਾਂ ਦੀ ਪ੍ਰਾਰਥਨਾ ਵਿੱਚ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਲੈਕਚਰਾਂ ਰਾਹੀ ਦੱਸਿਆ ਜਾਵੇਗਾ। ਜਿਲ੍ਹਾ ਮਾਸ ਮੀਡੀਆ ਅਫ਼ਸਰ ਇਸ ਮੁਹਿਮ ਵਿੱਚ ਪੂਰਾ ਸਹਿਯੋਗ ਸਕੂਲਾਂ ਨੂੰ ਦੇਣਗੇ।

<u>ਫੇਜ-5</u> :-ਮਿਤੀ 16 ਤੋਂ 31 ਮਈ ਤੱਕ ਇੰਨਫੋਰਸਮੈਂਟ ਡਰਾਈਵਸ ਕੀਤੀਆ ਜਾਣਗੀਆਂ। ਜਿਲ੍ਹਾ ਲੇਵਲ ਤੰਬਾਕੂ ਟਾਸਕ ਫੋਰਸ ਅਤੇ ਬਲਾਕ ਲੈਵਲ ਟਾਸਕ ਫੋਰਸ ਵੱਲੋ ਪੰਦਰਵਾੜੇ ਦੌਰਾਨ ਘੱਟੋ-ਘੱਟ 04 ਵਾਰ ਇੰਨਫੋਰਸਮੈਂਟ ਡਰਾਈਵ ਕਰਕੇ ਵੱਧ ਤੋ ਵੱਧ ਤੰਬਾਕੂ ਉਲੰਘਣਕਰਤਾਵਾਂ ਦੇ ਚਲਾਨ ਕੱਟੇ ਜਾਣਗੇ। ਕੱਟੇ ਗਏ ਚਲਾਨਾ ਦੀ ਰਿਪੋਰਟ ਉਸੇ ਦਿਨ ਸਟੇਟ ਲੈਵਲ ਤੇ ਭੇਜੀ ਜਾਵੇਗੀ।

ਪੁਲਿਸ ਵਿਭਾਗ, ਐਨ.ਜੀ.ਓ., ਜਿਲ੍ਹਾ ਅਟਾਰਨੀ ਅਤੇ ਹੋਰ ਵਿਭਾਗਾਂ ਨੂੰ ਵੀ ਇਸ ਮਹਿਮ ਦੋਰਾਨ ਪੂਰਾ-ਪੂਰਾ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ। ਅੰਤ ਸਭ ਦਾ ਮੀਟਿੰਗ ਵਿੱਚ ਆਉਣ ਤੇ ਧੰਨਵਾਦ।

## ਪੰਜਾਬ ਸਰਕਾਰ
## ਬਿਹਤਰ ਸਿਹਤ ਸੇਵਾਵਾਂ ਲਈ ਵਚਨਬੱਧ

### ਜਨਤਕ ਸੂਚਨਾ

# ਆਓ ਸਾਰੇ ਮਿਲਕੇ ਪੰਜਾਬ ਨੂੰ ਤੰਦਰੁਸਤ ਅਤੇ ਤੰਬਾਕੂ ਮੁਕਤ ਰਾਜ ਬਣਾਈਏ

**ਜ਼ਿੰਦਗੀ ਚੁਣੋ - ਤੰਬਾਕੂ ਨਹੀਂ** | **ਸਭਨਾ ਨੂੰ ਰਲ-ਮਿਲ ਸਮਝਾਓ - ਤੰਬਾਕੂ ਨੂੰ ਹੱਥ ਨਾ ਲਾਓ।**

- **ਡਾਇਰੈਕਟਰ ਸਥਾਨਕ ਸਰਕਾਰਾਂ ਵੱਲੋਂ ਪੰਜਾਬ ਤੰਬਾਕੂ ਵੈਂਡਜ਼ ਫ਼ੀਸ ਐਕਟ 1954 ਅਧੀਨ ਬਿਨ੍ਹਾਂ ਲਾਇਸੈਂਸ ਤੋਂ ਤੰਬਾਕੂ ਅਤੇ ਤੰਬਾਕੂ ਯੁਕਤ ਪਦਾਰਥ ਵੇਚ ਰਹੇ ਤੰਬਾਕੂ ਵਿਕਰੇਤਾਵਾਂ ਵਿਰੁੱਧ ਸਖਤ ਕਾਰਵਾਈ ਕਰਨ ਸਬੰਧੀ ਹਦਾਇਤਾਂ ਜਾਰੀ।**
- **ਪੰਜਾਬ ਸਰਕਾਰ ਵੱਲੋਂ ਫੂਡ ਸੇਫਟੀ ਐਂਡ ਸਟੈਂਡਰਡ ਐਕਟ 2006 ਅਧੀਨ ਜਾਰੀ ਨੋਟੀਫੀਕੇਸ਼ਨ:-**

  ਰਾਜ ਵਿੱਚ ਗੁਟਖਾ, ਪਾਨ-ਮਸਾਲਾ, ਫਲੇਵਰਡ/ਸੈਂਟਿਡ ਚਬਾਉਣ ਵਾਲਾ ਤੰਬਾਕੂ ਅਤੇ ਕੋਈ ਵੀ ਖਾਣ ਵਾਲਾ ਪਦਾਰਥ, ਜਿਸ ਵਿੱਚ ਤੰਬਾਕੂ ਅਤੇ ਨਿਕੋਟੀਨ ਹੋਵੇ, ਨੂੰ ਬਣਾਉਣ, ਜਮ੍ਹਾਂ ਕਰਨ, ਵੇਚਣ ਅਤੇ ਵੰਡਣ ਤੇ ਪੂਰਣ ਤੌਰ ਤੇ ਪਾਬੰਦੀ।

  ਖਾਣ-ਪੀਣ ਵਾਲੀਆਂ ਵਸਤਾਂ ਵੇਚਣ ਦਾ ਲਾਇਸੈਂਸ-ਸ਼ੁਦਾ ਦੁਕਾਨਦਾਰ/ਕਮਰਸ਼ੀਅਲ ਅਦਾਰਾ ਜੇਕਰ ਤੰਬਾਕੂ ਜਾਂ ਤੰਬਾਕੂ ਯੁਕਤ ਪਦਾਰਥ ਵੇਚਦਾ ਪਾਇਆ ਗਿਆ ਤਾਂ ਉਸਦਾ ਲਾਇਸੈਂਸ ਤੁਰੰਤ ਰੱਦ ਕਰ ਦਿੱਤਾ ਜਾਵੇਗਾ।
- **ਤੰਬਾਕੂ ਕੰਟਰੋਲ ਐਕਟ 2003:-**

  ਧਾਰਾ 4: ਜਨਤੱਕ ਸਥਾਨਾਂ ਤੇ ਤੰਬਾਕੂਨੋਸ਼ੀ ਤੇ ਰੋਕ।

  ਧਾਰਾ 5: ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਸਿੱਧੇ ਅਤੇ ਅਸਿੱਧੇ ਤੌਰ ਤੇ ਇਸ਼ਤਿਹਾਰਬਾਜੀ 'ਤੇ ਰੋਕ।

  ਧਾਰਾ 6 **(a)**: 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਸਿਗਰੇਟ ਜਾਂ ਹੋਰ ਤੰਬਾਕੂ ਉਤਪਾਦ ਵੇਚਣ/ਖ਼ੀਦਣ ਤੇ ਰੋਕ ਅਤੇ ਧਾਰਾ 6 **(b):** ਕਿਸੇ ਵੀ ਸਿੱਖਿਅਕ ਅਦਾਰੇ ਦੀ ਬਾਹਰਲੀ ਦੀਵਾਰ ਤੋਂ ਸੋ ਗੱਜ ਦੇ ਘੇਰੇ ਵਿੱਚ ਸਿਗਰੇਟ ਜਾਂ ਹੋਰ ਤੰਬਾਕੂ ਉਤਪਾਦਾਂ ਦੇ ਸੇਵਨ ਅਤੇ ਵਿਕਰੀ ਤੇ ਰੋਕ।

  ਧਾਰਾ 7: ਬਿਨ੍ਹਾਂ ਸਿਹਤ ਚਿਤਾਵਨੀਆਂ ਦੇ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਤੇ ਰੋਕ।
- ਰਾਜ ਵਿੱਚ ਖੁੱਲ੍ਹੀ ਸਿਗਰੇਟ/ਤੰਬਾਕੂ ਵੇਚਣ ਤੇ ਤੰਬਾਕੂ ਕੰਟਰੋਲ ਐਕਟ ਦੀ ਧਾਰਾ-7 ਅਧੀਨ ਪਾਬੰਦੀ।
- **ਰਾਜ ਵਿੱਚ ਡਰੱਗ ਅਤੇ ਕੋਸਮੈਟਿਕ ਐਕਟ ਅਧੀਨ ਈ-ਸਿਗਰੇਟ ਨੂੰ ਅਨ-ਅਪਰੂਵਡ ਡਰੱਗ ਘੋਸ਼ਿਤ ਕੀਤਾ।**
- **ਜੁਵੈਨਾਈਲ ਜਸਟਿਸ (ਕੇਅਰ ਅਤੇ ਪ੍ਰੋਟੈਕਸ਼ਨ ਆਫ ਚਿਲਡਰਨ) ਐਕਟ 2015 ਅਨੁਸਾਰ ਬੱਚਿਆਂ ਨੂੰ ਤੰਬਾਕੂ ਪੇਸ਼ ਕਰਨ ਤੇ ਸੱਤ ਸਾਲ ਦੀ ਕੈਦ ਹੋ ਸਕਦੀ ਹੈ।**

ਸਾਰੇ ਥੋਕ/ਪ੍ਰਚੂਨ ਵਿਕਰੇਤਾਵਾਂ ਨੂੰ ਬੇਨਤੀ ਹੈ ਕਿ ਉਪਰੋਕਤ ਨੋਟੀਫਿਕੇਸ਼ਨ/ਸਰਕੂਲਰਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ
ਆਮ ਜਨਤਾ ਨੂੰ ਵੀ ਅਪੀਲ ਹੈ ਕਿ ਇਸਦੀ ਪਾਲਣਾ ਕਰਨ ਵਿੱਚ ਪੂਰਨ ਸਹਿਯੋਗ ਦਿੱਤਾ ਜਾਵੇ !

**ਨੈਸ਼ਨਲ ਹੈਲਥ ਮਿਸ਼ਨ ਪੰਜਾਬ**

ਸਿਹਤ ਸੰਬੰਧੀ ਜਾਣਕਾਰੀ ਅਤੇ ਸੁਝਾਵਾਂ ਲਈ

**ਡਾਇਲ ਕਰੋ 104**
ਟੋਲ ਫ੍ਰੀ ਮੈਡੀਕਲ ਹੈਲਪਲਾਈਨ
24X7